88

# ਤੁਹਾਡਾ ਫ਼ੈਸਲਾ ਕੀ ਹੈ?

## ਯਿਸੂ ਦੀਆਂ ਪੇਸ਼ੀਆਂ,[1] ਇਕ ਨੇੜ ਝਾਤ

ਸਾਡੇ ਵਿੱਚੋਂ ਉਹ ਲੋਕ ਜਿਹੜੇ ਯਿਸੂ ਦੇ ਲਹੂ ਰਾਹੀਂ ਬਚਾਏ ਗਏ ਹਨ, ਉਸ ਦੀ ਸਲੀਬ ਨੂੰ ਮਿਲੀਆਂ ਜੁਲੀਆਂ ਭਾਵਨਾਵਾਂ ਨਾਲ ਵੇਖਦੇ ਹਨ ਭਾਵ ਉਸ ਦੇ ਕਸ਼ਟ ਲਈ ਅਸੀਂ ਦੁਖੀ ਹੁੰਦੇ ਹਾਂ ਅਤੇ ਆਪਣੇ ਬਚਾਏ ਜਾਣ ਲਈ ਖੁਸ਼। ਪਹਿਲੀ ਸਦੀ ਵਿਚ, ਆਮ ਲੋਕ ਸਲੀਬ ਵਿਚ ਸਿਰਫ਼ ਸੰਤਾਪ ਅਤੇ ਜ਼ਲਾਲਤ ਹੀ ਵੇਖਦੇ ਸਨ (ਵੇਖੋ 1 ਕੁਰਿੰਥੀਆਂ 1:18; ਗਲਾਤੀਆਂ 3:13; ਇਬਰਾਨੀਆਂ 12:2)। ਸ਼ੁਰੂਆਤੀ ਇਵੈਂਜਲਿਸਟਾਂ ਭਾਵ ਇੰਜੀਲ ਦੇ ਪ੍ਰਚਾਰਕਾਂ ਅੱਗੇ ਸਭ ਤੋਂ ਵੱਡੀਆਂ ਚੁਣੌਤੀਆਂ ਵਿੱਚੋਂ ਇਕ ਇਸ ਵਿਚਾਰ ਦੇ ਪ੍ਰਤੀ ਮਨ ਵਿਚ ਬੈਠਾ ਮੁਤਅੱਸਬ ਸੀ ਕਿ ਰੋਮੀ ਸਲੀਬ ਤੇ ਮਰਨ ਵਾਲਾ ਬੰਦਾ ਮੁਕਤੀਦਾਤਾ ਕਿਵੇਂ ਹੋ ਸਕਦਾ ਹੈ। ਪੌਲੁਸ ਨੇ ਇਸ ਚੁਣੌਤੀ ਬਾਰੇ ਲਿਖਿਆ: ''... ਅਸੀਂ ਸਲੀਬ ਦਿੱਤੇ ਹੋਏ ਮਸੀਹ ਦਾ ਪ੍ਰਚਾਰ ਕਰਦੇ ਹਾਂ। ਉਹ ਯਹੂਦੀਆਂ ਦੇ ਲੇਖੇ ਠੋਕਰ ਦਾ ਕਾਰਨ ਅਤੇ ਪਰਾਈਆਂ ਕੌਮਾਂ ਦੇ ਲੇਖੇ ਮੂਰਖਤਾਈ ਹੈ'' (1 ਕੁਰਿੰਥੀਆਂ 1:23)।

ਇਹ ਗੱਲ ਕਿ ਯਿਸੂ ਇਕ ਅਪਰਾਧੀ ਵਾਂਗ ਮਰਿਆ, ਅੱਜ ਵੀ ਕੁਝ ਲੋਕਾਂ ਲਈ ਵਿਸ਼ਵਾਸ ਕਰਨ ਵਿਚ ਰੁਕਾਵਟ ਹੈ। ਮਸੀਹੀਅਤ ਦੇ ਵਿਰੋਧੀ ਇਸ ਗੱਲ ਵੱਲ ਧਿਆਨ ਦੁਆਉਂਦੇ ਹਨ ਕਿ ਯਹੂਦੀਆਂ ਅਤੇ ਰੋਮੀਆਂ, ਦੋਹਾਂ ਨੇ ਯਿਸੂ ਨੂੰ ਮੌਤ ਦੀ ਸਜ਼ਾ ਦਿੱਤੀ। ਉਹ ਇਸ ਗੱਲ ਨੂੰ ਜ਼ੋਰ ਦਿੰਦੇ ਹਨ ਕਿ ਇਹ ਸੋਚਣਾ ਹੀ ਬੇਤੁਕਾ ਹੈ ਕਿ ਆਪਣੇ ਸਮੇਂ ਦੇ ਧਾਰਮਿਕ ਅਤੇ ਸਿਆਸੀ ਸੰਗਠਨਾਂ ਵੱਲੋਂ ਦੋਸ਼ੀ ਠਹਿਰਾਇਆ ਗਿਆ ਬੰਦਾ ਜਗਤ ਦਾ ਮੁਕਤੀਦਾਤਾ ਹੋ ਸਕਦਾ ਹੈ। ਇਨ੍ਹਾਂ ਇਤਰਾਜ਼ਾਂ ਦਾ ਜਵਾਬ ਦੇਣ ਲਈ ਸਾਨੂੰ ਇਸ ਗੱਲ ਦੀ ਸਪੱਸ਼ਟ ਸਮਝ ਹੋਣੀ ਜ਼ਰੂਰੀ ਹੈ ਕਿ ਮਸੀਹ ਦੀਆਂ ਪੇਸ਼ੀਆਂ ਵੇਲੇ ਕੀ ਹੋਇਆ।[2] ਸਾਨੂੰ ਇਹ ਸਮਝਣਾ ਜ਼ਰੂਰੀ ਹੈ ਕਿ ਇਕ ਬੇਕਸੂਰ ਨੂੰ ਮੌਤ ਦੀ ਸਜ਼ਾ ਕਿਵੇਂ ਦਿੱਤੀ ਜਾ ਸਕੀ ਸੀ।

ਇਸ ਸਰਮਨ ਵਿਚ ਅਸੀਂ ਯਿਸੂ ਦੀਆਂ ਯਹੂਦੀ ਅਤੇ ਰੋਮੀ ਪੇਸ਼ੀਆਂ ਦੇ ਖ਼ਾਸ ਪਹਿਲੂਆਂ ਤੇ ਧਿਆਨ ਦਿਆਂਗੇ:[3] ਅਸੀਂ ਪ੍ਰਭੂ ਤੇ ਮੁਕੱਦਮਾ ਕਰਨ ਵਾਲਿਆਂ ਦੇ ਇਰਾਦਿਆਂ ਤੇ ਵਿਚਾਰ ਕਰਾਂਗੇ। ਅਸੀਂ ਗੈਰ ਕਾਨੂੰਨੀ ਤਰੀਕਿਆਂ ਵੱਲ ਧਿਆਨ ਦਿਆਂਗੇ। ਅਸੀਂ ਵੇਖਾਂਗੇ ਕਿ ਪੇਸ਼ੀਆਂ ਤੋਂ ਇਹ ਸਾਬਤ ਕਰਨ ਦੀ ਥਾਂ ਕਿ ਯਿਸੂ ਖ਼ੁਦਾ ਦਾ ਪੁੱਤਰ ਨਹੀਂ ਹੈ, ਉਨ੍ਹਾਂ ਨੇ ਇਹ ਸਾਬਤ ਕਰ ਦਿੱਤਾ ਕਿ ਉਹ ਹੈ। ਸਰਮਨ ਦੇ ਅੰਤ ਤੋਂ ਪਹਿਲਾਂ, ਅਸੀਂ ਵਰਤਮਾਨ ਲਈ ਪ੍ਰਸੰਗਿਕਤਾ ਬਣਾਵਾਂਗੇ: ਯਿਸੂ ਤੇ ਅੱਜ ਵੀ ਕਈ ਲੋਕਾਂ ਦੇ ਮਨਾਂ ਵਿਚ ''ਮੁਕੱਦਮਾ'' ਚਲ ਰਿਹਾ ਹੈ। ਹੋ ਸਕਦਾ ਹੈ ਕਿ ਹੁਣ ਵੀ ਉਸ ਤੇ ਤੁਹਾਡੇ ਮਨ ਵਿਚ ਮੁਕੱਦਮਾ ਚਲ ਰਿਹਾ ਹੋਵੇ; ਹੋ ਸਕਦਾ ਹੈ ਕਿ ਤੁਸੀਂ ਹਾਲੇ ਫ਼ੈਸਲਾ ਨਹੀਂ ਲਿਆ ਹੈ ਕਿ ਤੁਸੀਂ ਉਸ ਤੇ ਕੀ ਵਿਸ਼ਵਾਸ ਕਰੋਗੇ। ਤੁਹਾਨੂੰ *ਆਪਣਾ* ਫ਼ੈਸਲਾ ਦੇਣ ਦੀ ਚੁਣੌਤੀ ਦਿੱਤੀ ਜਾਵੇਗੀ ਕਿ ਉਹ ਕਸੂਰਵਾਰ ਹੈ ਜਾਂ ਬੇਕਸੂਰ? ਉਹ ਮੁਜਰਮ ਸੀ ਜਾਂ ਮਸੀਹ? ਉਹ ਕਾਨੂੰਨ ਤੋੜਨ ਵਾਲਾ ਸੀ ਜਾਂ ਤੁਹਾਡਾ ਪ੍ਰਭੂ?

### ਪਹਿਲੀ ਸਦੀ ਵਿਚ ਯਿਸੂ ਤੇ ਮੁਕੱਦਮਾ

**ਮੁਤਅੱਸਬ ਹਾਵੀ ਰਹਿੰਦਾ ਹੈ (ਮਹਾਂਸਭਾ)**

ਆਓ ਮਹਾਂਸਭਾ ਅੱਗੇ ਯਿਸੂ ਤੇ ''ਮੁਕੱਦਮੇ'' ਨਾਲ ਸ਼ੁਰੂਆਤ ਕਰਦੇ ਹਾਂ। ਯਹੂਦੀ ਆਗੂ ਨਿਆਂ

ਨਹੀਂ, ਬਲਕਿ ਨਿਆਂਈ ਬਣਨ ਦੀ ਤਲਾਸ਼ ਵਿਚ ਸਨ ਅਰਥਾਤ ਉਹ ਕਈ ਹਫ਼ਤੇ ਪਹਿਲਾਂ ਲਏ ਗਏ ਆਪਣੇ ਫ਼ੈਸਲੇ ਨੂੰ ਜਾਇਜ਼ ਠਹਿਰਾਉਣ ਦਾ ਰਾਹ ਲੱਭ ਰਹੇ ਸਨ (ਯੂਹੰਨਾ 11:47–53, 57)। ''ਹਾਰਵਰਡ[4] ਦੇ ਇਕ ਪ੍ਰੋਫੈਸਰ ਅਤੇ ਮਸ਼ਹੂਰ ਅਮਰੀਕੀ ਕਾਨੂੰਨਦਾਨ [ਸਾਈਮਨ] ਗ੍ਰੀਨਲੀਫ਼ (1846) ਨੇ [ਯਹੂਦੀਆ ਰਾਹੀਂ] ਯਿਸੂ ਨਾਲ ਵਿਹਾਰ ਨੂੰ ਕਾਨੂੰਨੀ ਸਜ਼ਾ ਦੀ ਆੜ ਵਿਚ ਕਤਲ ਦੀ ਸਾਜ਼ਿਸ਼ ਮੰਨਿਆ।''[5]

ਸਾਨੂੰ ਵੀ, ਜਿਨ੍ਹਾਂ ਨੂੰ ਕਾਨੂੰਨੀ ਕਾਰਵਾਈਆਂ ਜਾਂ ਵਿਧੀਆਂ ਦੀ ਬਹੁਤ ਘੱਟ ਜਾਣਕਾਰੀ ਹੈ, ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਯਿਸੂ ਦਾ ਯਹੂਦੀ ''ਮੁਕੱਦਮਾ'' ਇਕ ਵਿਖਾਵਾ ਸੀ। ਮੱਤੀ ਨੇ ਕਯਾਫ਼ਾ ਅਤੇ ਉਸ ਦੇ ਸਾਥੀਆਂ ਦੇ ਮੁਤਅੱਸਬ ਦਾ ਭਾਂਡਾ ਫੋੜ ਕੀਤਾ ਹੈ: ''ਪ੍ਰਧਾਨ ਯਾਜਕ ਅਤੇ ਸਾਰੀ ਮਹਾਂਸਭਾ ਯਿਸੂ ਦੇ ਵਿਰੁੱਧ ਉਸ ਦੇ ਜਾਨੋਂ ਮਾਰਨ ਲਈ ਝੂਠੀ ਗਵਾਹੀ ਢੂੰਡਦੀ ਸੀ। ਪਰ ਨਾ ਲੱਭੀ ਭਾਵੇਂ ਝੂਠੇ ਗਵਾਹ ਬਹੁਤ ਆਏ'' (ਮੱਤੀ 26:59, 60)। ਝੂਠੀ ਗਵਾਹੀ ਦੇਣ ਬਾਰੇ ਮੂਸਾ ਦੀ ਸ਼ਰ੍ਹਾ ਬਿਲਕੁਲ ਸਪੱਸ਼ਟ ਸੀ (ਕੂਚ 20:16; ਵੇਖੋ ਵਿਵਸਥਾਸਾਰ 19:15–21)।

ਮਹਾਂਸਭਾ ਦੀ ਬੇਈਮਾਨੀ ਮਸੀਹ ਨੂੰ ਪਿਲਾਤੁਸ ਦੇ ਸਾਹਮਣੇ ਲਿਆਉਣ ਦੇ ਉਸ ਦੇ ਤਰੀਕੇ ਤੋਂ ਸਾਫ਼ ਹੋ ਜਾਂਦੀ ਹੈ। ਕੁਫ਼ਰ ਦੇ ਧਾਰਮਿਕ ਇਲਜ਼ਾਮ ਨੂੰ ਬਦਲ ਕੇ (ਮੱਤੀ 26:65, 66) ਉਨ੍ਹਾਂ ਨੇ ਬਗ਼ਾਵਤ ਦਾ ਸਿਆਸੀ ਇਲਜ਼ਾਮ ਲਾ ਦਿੱਤਾ (ਲੂਕਾ 23:2)। ਇਸ ਤੋਂ ਇਲਾਵਾ ਪਿਲਾਤੁਸ ਨੂੰ ਦੱਸੇ ਗਏ ਇਲਜਾਮਾਂ ਬਾਰੇ ਯਹੂਦੀ ਮੁਕੱਦਮੇ ਵਿਚ ਕੋਈ ਸਫ਼ਾਈ ਨਹੀਂ ਦਿੱਤੀ ਗਈ। ਪੂਰੀ ਰੋਮੀ ਪੇਸ਼ੀ ਦੌਰਾਨ (ਜਿਸ ਤੇ ਅੱਗੇ ਚਰਚਾ ਕੀਤੀ ਜਾਵੇਗੀ) ਸਭਾ ਦਾ ਸਲੂਕ ਬਿਲਕੁਲ ਉਲਟ ਰਿਹਾ:

- ਉਨ੍ਹਾਂ ਨੇ ਯਿਸੂ ਤੇ ਕੁਫ਼ਰ ਦਾ ਇਲਜਾਮ ਲਾਇਆ ਅਤੇ ਇਸ ਤਰ੍ਹਾਂ ਆਪਣੀਆਂ ਗੱਲਾਂ ਨਾਲ ਇਸ ਗੱਲ ਦਾ ਇਨਕਾਰ ਕੀਤਾ ਕਿ ਯਹੋਵਾਹ ਉਸ ਦਾ ਰਾਜਾ ਹੈ (ਵੇਖੋ ਯੂਹੰਨਾ 19:15)।
- ਉਨ੍ਹਾਂ ਨੇ ਯਿਸੂ ਤੇ ਦੰਗਾ ਭੜਕਾਉਣ ਵਾਲਾ ਹੋਣ ਦਾ ਇਲਜਾਮ ਲਾਇਆ (ਵੇਖੋ ਲੂਕਾ 23:5), ਅਤੇ ਫਿਰ ਪਿਲਾਤੁਸ ਤੇ ਦਬਾਅ ਪਾਉਣ ਲਈ ਦੰਗਾ ਭੜਕਾਇਆ (ਮੱਤੀ 27:24)।
- ਉਨ੍ਹਾਂ ਨੇ ਕਿਹਾ ਕਿ ਯਿਸੂ ਨੂੰ ਛੱਡਿਆ ਨਹੀਂ ਜਾਣਾ ਚਾਹੀਦਾ, ਕਿਉਂਕਿ ਉਹ ਬਗ਼ਾਵਤ ਦਾ ਦੋਸ਼ੀ ਹੈ (ਲੂਕਾ 23:2), ਅਤੇ ਆਪ ਬਗ਼ਾਵਤ ਦੇ ਮੁਜਰਮ ਨੂੰ ਛੱਡਣ ਦੀ ਮੰਗ ਕੀਤੀ (ਮਰਕੁਸ 15:7, 11)।

ਪਰ ਇਸ ਗੱਲ ਨੂੰ ਸਮਝੋ ਕਿ ਮੁਸ਼ਕਿਲ ਯਹੂਦੀ ਸ਼ਰ੍ਹਾ ਦੇ ਪ੍ਰਬੰਧ ਦੀ ਨਹੀਂ ਸੀ; ਦੋਸ਼ ਉਨ੍ਹਾਂ ਲੋਕਾਂ ਦੇ ਮਨਾਂ ਵਿਚ ਸੀ ਜਿਹੜੇ ਉਸ ਫ਼ੈਸਲਾਕੁਨ ਸ਼ੁੱਕਰਵਾਰ ਦੇ ਦਿਨ ਸ਼ਰ੍ਹਾ ਨੂੰ ਚਲਾ ਰਹੇ ਸਨ। ਯਹੂਦੀ ਨਿਆਂ ਪ੍ਰਬੰਧ ਨੂੰ ਦੁਨੀਆਂ ਵਿਚ ਸਭ ਤੋਂ ਦਿਆਲੂ ਮੰਨਿਆ ਗਿਆ ਹੈ। ਇਕ ਇਸਰਾਏਲੀ ਦੀ ਜਾਨ ਇੰਨੀ ਕੀਮਤੀ ਮੰਨੀ ਜਾਂਦੀ ਸੀ ਕਿ ਉਸ ਜਾਨ ਨੂੰ ਬਚਾਉਣ ਲਈ ਹਰ ਕਾਨੂੰਨੀ ਚੌਕਸੀ ਵਰਤੀ ਜਾਂਦੀ ਸੀ, ਭਾਵੇਂ ਉਸ ਨੇ ਕਿੰਨਾ ਵੀ ਵੱਡਾ ਜੁਰਮ ਕਿਉਂ ਨਾ ਕੀਤਾ ਹੋਵੇ। ਦੂਜੀ ਸਦੀ ਵਿਚ, ਯਹੂਦੀ ਕਾਨੂੰਨੀ ਪ੍ਰਬੰਧਾਂ ਬਾਰੇ ਜ਼ਬਾਨੀ ਰਵਾਇਤਾਂ *ਦਾ ਮਿਸ਼ਨਾਹ* ਨਾਮਕ ਕਿਤਾਬ ਵਿਚ ਲਿਖੀ ਗਈ।[6] ਯਿਸੂ ਦੀਆਂ ਪੇਸ਼ੀਆਂ ਹੋਣ ਵੇਲੇ ਕਿਹੜੇ ਨਿਯਮ ਲਾਗੂ ਸਨ, ਇਸ ਤੇ ਕੁਝ ਵਿਵਾਦ ਹੈ, ਪਰ ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਉਸ ਸਮੇਂ ਕਾਨੂੰਨੀ ਸੁਰੱਖਿਆ ਵਿਚ ਘੱਟੋ ਘੱਟ ਹੇਠ ਲਿਖੀਆਂ ਗੱਲਾਂ ਜ਼ਰੂਰ ਸਨ:

- ਮੌਤ ਦੀ ਸਜ਼ਾ ਨਾਲ ਜੁੜੇ ਮਾਮਲਿਆਂ ਦੇ ਪੇਸ਼ੀ ਸਿਰਫ਼ ਦਿਨ ਵਿਚ ਹੀ ਹੁੰਦੀ ਸੀ (*ਮਿਸ਼ਨਾਹ,* ਸਨਹੇਦਰਿਨ 4.1)। ਇਹ ਗਲਤ ਨਿਆਂ ਤੋਂ ਬਚਣ ਲਈ ਸੀ।
- ਨਿਆਈਆਂ ਲਈ ਮੁਲਜ਼ਮ ਨੂੰ ਛੁਡਾਉਣ ਦਾ ਰਾਹ ਕੱਢਣਾ ਜ਼ਰੂਰੀ ਸੀ, ਨਾ ਕਿ ਉਸ ਨੂੰ

ਦੋਸ਼ੀ ਠਹਿਰਾਉਣ ਦਾ ਤਰੀਕਾ ਲੱਭਣਾ (ਵੇਖੋ *ਮਿਸ਼ਨਾਹ,* ਸਨਹੇਦਰਿਨ 4.1; 4.5; 5.4)।

- ਮੌਤ ਦੀ ਸਜ਼ਾ ਦੇ ਮਾਮਲੇ ਵਿਚ ਇਕ ਮਤ ਨਾਲ ਦਿੱਤੇ ਗਏ ਵੋਟ ਸਜ਼ਾ ਨੂੰ ਨਕਾਰਾ ਕਰ ਦਿੰਦੇ ਸਨ (*ਮਿਸ਼ਨਾਹ,* ਸਨਹੇਦਰਿਨ 4.1)। ਇਕ ਮਤ ਨਾਲ ਦਿੱਤਾ ਗਿਆ ਵੋਟ ਤਰਕਸੰਗਤ ਲੋਕਾਂ ਦੇ ਸਮੂਹ ਦੇ ਫ਼ੈਸਲੇ ਦੀ ਥਾਂ ਭੀੜ ਦੇ ਕੰਮ ਦਾ ਸੰਕੇਤ ਹੋ ਸਕਦੇ ਸਨ।
- ਸਭਾ ਕਿਸੇ ਵਿਚ ਦੋਸ਼ ਲੱਭ ਕੇ ਉਸ ਨੂੰ ਉਸੇ ਦਿਨ ਸਜ਼ਾ ਨਹੀਂ ਦੇ ਸਕਦੀ ਸੀ (*ਮਿਸ਼ਨਾਹ, ਸਨਹੇਦਰਿਨ* 4.1; 5.5)। ਉਨ੍ਹਾਂ ਨੂੰ ਘਰ ਜਾ ਕੇ ਲਏ ਗਏ ਫ਼ੈਸਲੇ ਤੇ ਵਿਚਾਰ ਕਰਨਾ ਜ਼ਰੂਰੀ ਹੁੰਦਾ ਸੀ।
- ਮਹਾਂਯਾਜਕ, ਜਿਹੜਾ ਸਭਾ ਦੀ ਪ੍ਰਧਾਨਗੀ ਕਰਦਾ ਸੀ, ਕੇਸ ਦੇ ਸਬੰਧ ਵਿਚ ਆਪਣਾ ਵਿਚਾਰ ਨਹੀਂ ਦੇ ਸਕਦਾ ਸੀ, ਕਿਉਂਕਿ ਉਸ ਦਾ ਪ੍ਰਭਾਵ ਇੰਨਾ ਜ਼ਿਆਦਾ ਸੀ ਕਿ ਉਸ ਨਾਲ ਦੂਜੇ ਮੈਂਬਰ ਪ੍ਰਭਾਵਿਤ ਹੋ ਸਕਦੇ ਸਨ (ਵੇਖੋ *ਮਿਸ਼ਨਾਹ,* ਸਨਹੇਦਰਿਨ 4.2)।[7]

ਯਿਸੂ ਦੀ ਯਹੂਦੀ ''ਪੇਸ਼ੀ'' ਵਿਚ ਇਹ ਸਭ ਬੁਨਿਆਦੀ ਨਿਯਮ ਤੋੜੇ ਗਏ:

- ਉਸ ਉੱਤੇ ਰਾਤ ਨੂੰ ਮੁਕੱਦਮਾ ਚਲਾ ਕੇ ਉਸ ਨੂੰ ਦੋਸ਼ੀ ਪਾਇਆ ਗਿਆ (ਮੱਤੀ 26:57, 66; 27:1)।
- ਨਿਆਂ ਕਰਨ ਵਾਲਿਆਂ ਦੀ ਦਿਲਚਸਪੀ ਉਸ ਨੂੰ ਬੇਕਸੂਰ ਸਾਬਤ ਕਰਨ ਵਿਚ ਨਹੀਂ ਸੀ, ਬਲਕਿ ਉਸ ਵਿਚ ਦੋਸ਼ ਕੱਢਣ ਵਿਚ ਸੀ (ਮੱਤੀ 26:59)।
- ਯਿਸੂ ਦੇ ਖਿਲਾਫ਼ ਸਭਾ ਦਾ ਮਤ ਸਪੱਸ਼ਟ ਤੌਰ ਤੇ ਇਕਮਤ ਸੀ (ਮਰਕੁਸ 14:64; ਲੂਕਾ 22:70, 71; ਵੇਖੋ ਮੱਤੀ 27:1; ਮਰਕੁਸ 15:1; ਲੂਕਾ 23:1)।[8]
- ਫ਼ੈਸਲਾ ਅਤੇ ਸਜ਼ਾ ਇੱਕੋ ਰਾਤ ਵਿਚ ਦੇ ਦਿੱਤੇ ਗਏ (ਮੱਤੀ 26:65, 66; 27:1)।
- ਮਹਾਯਾਜਕ ਨੇ ਫ਼ੈਸਲਾ ਸੁਣਾ ਦਿੱਤਾ ਅਤੇ ਦੂਜਿਆਂ ਨੂੰ ਇਸ ਦੀ ਤਸਦੀਕ ਕਰਨ ਲਈ ਕਿਹਾ (ਮੱਤੀ 26:65, 66)।

ਜੇ ਯਿਸੂ ਦੀਆਂ ਯਹੂਦੀ ਪੇਸ਼ੀਆਂ ਦੇ ਬਾਈਬਲ ਦੇ ਵਿਰਤਾਂਤਾਂ ਨੂੰ ਭਰੋਸੇਯੋਗ ਮੰਨ ਲਿਆ ਜਾਵੇ[9] ਤਾਂ ਇਸ ਵਿਚ ਤਾਂ ਕੋਈ ਸ਼ੱਕ ਨਹੀਂ ਹੋਵੇਗਾ ਕਿ ਬੇਨੇਮੀਆਂ ਹੋਈਆਂ ਜਾਂ ਨਹੀਂ[10] ਪਰ ਇਹ ਪਤਾ ਨਹੀਂ ਲੱਗੇਗਾ ਕਿ ਕਿੰਨੀਆਂ ਹੋਈਆਂ।[11] ਇਨ੍ਹਾਂ ਤੋਂ ਛੁੱਟ ਜਿਨ੍ਹਾਂ ਦਾ ਵੇਰਵਾ ਦਿੱਤਾ ਗਿਆ ਹੈ, ਹੋਰ ਗੱਲਾਂ ਵੀ ਇਸ ਵਿਚ ਜੋੜੀਆਂ ਜਾ ਸਕਦੀਆਂ ਹਨ:[12]

- ਮੁਕੱਦਮਾ ਮਹਾਂਯਾਜਕ ਦੇ ਘਰ ਵਿਚ ਗਲਤ ਢੰਗ ਨਾਲ ਹੋਇਆ (*ਮਿਸ਼ਨਾਹ,* ਸਨਹੇਡ੍ਰਿਨ 11:2)।
- ਮੁਕੱਦਮਾ ਪਰਬ ਦੇ ਦਿਨ ਹੋਇਆ (*ਮਿਸ਼ਨਾਹ,* ਸਨਹੇਡ੍ਰਿਨ 4:1)।
- ਯਿਸੂ ਤੇ ਇਸ ਅਧਾਰ ਤੇ ਦੋਸ਼ ਲਾਇਆ ਗਿਆ ਸੀ ਕਿ ਉਸ ਨੇ ਕੁਫ਼ਰ ਬਕਿਆ ਹੈ। ਪਰ ਉਸ ਦੀ ਗੱਲ ''ਕੁਫ਼ਰ'' ਦੇ ਯਹੂਦੀ ਸ਼ਰ੍ਹਾ ਦੇ ਮਾਪਦੰਡ ਨਾਲ ਮੇਲ ਨਹੀਂ ਖਾਂਦੀ ਸੀ। ਕਾਨੂੰਨੀ ਸੁਰੱਖਿਆ ਪਾਉਣ ਲਈ, ਰੱਬੀਆਂ ਨੇ ਵਾਲ ਦੀ ਖੱਲ ਲਾਹ ਕੇ ਅਰਥ ਕੱਢਿਆ ਸੀ। ਸ਼ਰ੍ਹਾ ਦੇ ਮੁਤਾਬਿਕ ''ਕੁਫ਼ਰ'' ਦਾ ਅਰਥ ਖ਼ੁਦਾ ਨੂੰ ਸਰਾਪ ਦੇਣਾ ਸੀ (ਲੇਵੀਆਂ ਦੀ ਪੋਥੀ 24:15, 16); ਰੱਬੀਆਂ ਮੁਤਾਬਿਕ, ਕੁਫ਼ਰ ਬਕਣ ਵਾਲਾ ਤਦੇ ਦੋਸ਼ੀ ਹੁੰਦਾ ਸੀ ਜੇ ਉਸ ਨੇ ਖ਼ੁਦਾ ਦਾ ਨਾਮ ਖਾਸ ਢੰਗ ਨਾਲ ਲਿਆ ਹੋਵੇ (*ਮਿਸ਼ਨਾਹ,* ਸਨਹੇਡ੍ਰਿਨ 7:5)।

ਮੈਂ ਫੇਰ ਆਖਦਾ ਹਾਂ ਕਿ ਮੁਸ਼ਕਿਲ ਯਹੂਦੀ ਕਾਨੂੰਨੀ ਪ੍ਰਬੰਧ ਦੀ ਨਹੀਂ, ਬਲਕਿ ਇਸ ਨੂੰ ਚਲਾਉਣ ਵਾਲੇ ਲੋਕਾਂ ਦੀ ਸੀ। ਯਹੂਦੀਆਂ ਨੇ ਯਿਸੂ ਤੇ ਮੁਕੱਦਮਾ ਚਲਾ ਕੇ ਉਸ ਨੂੰ ਦੋਸ਼ੀ ਨਹੀਂ ਪਾਇਆ ਸੀ, ਬਲਕਿ ਉਨ੍ਹਾਂ ਨੇ ਉਸ ਨੂੰ ਦੋਸ਼ੀ ਪਾਉਣ ਦੇ ਬਾਅਦ ਮੁਕੱਦਮਾ ਚਲਾਇਆ ਸੀ। ਮਹਾਂਸਭਾ ਅੱਗੇ ਯਿਸੂ ਦੀਆਂ ਪੇਸ਼ੀਆਂ ਦੇ ਇੰਜੀਲ ਦੇ ਵਿਰਤਾਂਤ ਨੂੰ ਬਿਨਾਂ ਪੱਖਪਾਤ ਦੇ ਪੜ੍ਹਨ ਤੇ ਇਹੀ ਫ਼ੈਸਲਾ ਦਿੱਤਾ ਜਾਵੇਗਾ ਕਿ ਉਹ ''ਦੋਸ਼ੀ ਨਹੀਂ!'' ਹੈ।

**ਸਿਆਸਤ ਰਹਿੰਦੀ ਹੈ: ਪਿਲਾਤੁਸ**

ਆਓ ਹੁਣ ਰੋਮੀ ਪੇਸ਼ੀ ਵੱਲ ਜਾਂਦੇ ਹਾਂ। ਪਿਲਾਤੁਸ ਅੱਗੇ ਯਿਸੂ ਦੀ ਪੇਸ਼ੀ ਰੋਮੀ ਕਾਨੂੰਨ ਵਿਚ ਸਹੀ ਢੰਗ ਨਾਲ ਸ਼ੁਰੂ ਹੋਈ। ਰੋਮੀ ਹਕੂਮਤ ਵਿਚ ਨਿਆਂ ਨੂੰ ਮਹੱਤਵ ਦਿੱਤਾ ਜਾਂਦਾ ਸੀ; ''ਰੋਮ ਦਾ ਨਿਯਮ ਸੀ, ਭਾਵੇਂ ਅਸਮਾਨ ਟੁੱਟ ਪਵੇ, ਨਿਆਂ ਜ਼ਰੂਰ ਹੋਣਾ ਚਾਹੀਦਾ ਹੈ।''[13] ਅਜਿਹੇ ਮਾਮਲਿਆਂ ਦੇ ਜਾਣਕਾਰ ਸਾਨੂੰ ਦੱਸਦੇ ਹਨ ਕਿ ''ਪਿਲਾਤੁਸ ਦੇ ਸਾਮਹਣੇ ਯਿਸੂ ਦੇ ਮੁਕੱਦਮੇ ਵਿਚ ਹਾਕਮ ਦੀ *cognitio* (ਜਾਂਚ) ਤੋਂ ਆਮ ਇਲਾਕਾਈ ਮੁਕੱਦਮੇ ਵਿਚਲੀਆਂ ਲਗਭਗ ਸਾਰੀਆਂ ਗੱਲਾਂ ਸਨ।''[14] ਤਰੀਕਾ ਇਹ ਹੁੰਦਾ ਸੀ:

- ਮੁਕੱਦਮੇ ਦੀ ਜ਼ਿੰਮੇਵਾਰੀ ਹਾਕਮ ਦੀ ਸੀ; ਕੋਈ ਨਿਆਂ ਮੰਡਲ ਨਹੀਂ ਸੀ।
- ਹਾਕਮ ਇਲਜ਼ਾਮ ਸੁਣਦਾ ਸੀ।
- ਹਾਕਮ ਮੁਲਜ਼ਮ ਤੋਂ ਪੁੱਛਗਿਛ ਕਰਦਾ ਸੀ।
- ਲੋੜ ਪੈਣ ਤੇ ਹਾਕਮ ਸਲਾਹਕਾਰਾਂ ਤੋਂ ਪੁੱਛਦਾ ਸੀ।
- ਜਾਂਚ ਤੋਂ ਬਾਅਦ, ਹਾਕਮ ਨਿਆਂ ਦੀ ਗੱਦੀ ਤੇ ਬੈਠ ਕੇ ਫ਼ੈਸਲਾ ਦਿੰਦਾ ਸੀ। ''ਰੋਮੀ ਕਾਨੂੰਨ ਮੁਤਾਬਿਕ ਜੱਜ ਲਈ ਮੌਤ ਦੀ ਸਜ਼ਾ ਦਾ ਐਲਾਨ ਨਿਆਂ ਦੀ ਗੱਦੀ ਤੇ ਬੈਠ ਕੇ ਕਰਨਾ ਜ਼ਰੂਰੀ ਸੀ।''[15]

ਸ਼ੁਰੂਆਤੀ ਚਰਣਾਂ ਵਿਚ, ਯਿਸੂ ਦਾ ਰੋਮੀ ਮੁਕੱਦਮਾ ਇਸ ਪ੍ਰਕਾਰ ਹੋਇਆ:

- ਯਿਸੂ ਨੂੰ ਪਿਲਾਤੁਸ ਨੂੰ ਸੌਂਪ ਦਿੱਤਾ ਗਿਆ (ਮੱਤੀ 27:2; ਮਰਕੁਸ 15:1; ਲੂਕਾ 23:1); ਮੁਕੱਦਮੇ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਹਾਕਮ ਦੀ ਸੀ।
- ਯਹੂਦੀ ਆਗੂਆਂ ਨੇ ਪਿਲਾਤੁਸ ਦੇ ਸਾਹਮਣੇ ਇਲਜ਼ਾਮ ਲਾਇਆ (ਯੂਹੰਨਾ 18:29, 30; ਲੂਕਾ 23:2)।
- ਪਿਲਾਤੁਸ ਨੇ ਯਿਸੂ ਦੀ ਜਾਂਚ ਕੀਤੀ (ਮੱਤੀ 27:11; ਮਰਕੁਸ 15:2; ਲੂਕਾ 23:3; ਯੂਹੰਨਾ 18:33–38)।
- ਯਿਸੂ ਨੂੰ ਹੇਰੋਦੇਸ ਕੋਲ ਭੇਜਣ ਦੇ ਪਿਲਾਤੁਸ ਦੇ ਕੰਮ ਨੂੰ ਕਿਸੇ ਦੂਜੇ ਤੋਂ ਵਿਚਾਰ ਲੈਣ ਦੇ ਰੂਪ ਵਿਚ ਕਿਹਾ ਜਾ ਸਕਦਾ ਹੈ (ਵੇਖੋ ਲੂਕਾ 23:15)।
- ਨਿਆਂ ਦੀ ਗੱਦੀ ਦਾ ਜ਼ਿਕਰ ਕਈ ਵਾਰ ਹੋਇਆ ਹੈ (ਮੱਤੀ 27:19; ਯੂਹੰਨਾ 19:13); ਪਿਲਾਤੁਸ ਨੇ ਰੋਮ ਦੀ ਸਰਕਾਰੀ ਨੁਮਾਇੰਦੇ ਦੇ ਰੂਪ ਵਿਚ ਗੱਲ ਕੀਤੀ। ''*[ਨਿਆਂ ਦੀ ਗੱਦੀ ਤੇ]* ਬੈਠਣ ਤੇ ਪੁੰਤਿਯੁਸ ਪਿਲਾਤੁਸ ਆਪੇ ਰੋਮ *ਸੀ।*''[16]

ਦਿੱਕਤ ਇਹ ਨਹੀਂ ਸੀ ਕਿ ਪਿਲਾਤੁਸ ਨੇ ਕਾਇਦੇ ਮੁਤਾਬਿਕ ਕੰਮ ਨਹੀਂ ਕੀਤਾ। ਦਿੱਕਤ ਇਹ ਸੀ ਕਿ ਫ਼ੈਸਲਾ ਕਰਨ ਤੋਂ ਬਾਅਦ, ਉਹ ਇਸ ਤੇ ਕਾਇਮ ਨਹੀਂ ਰਿਹਾ ਸੀ। ਯਿਸੂ ਤੋਂ ਪੁੱਛਣ ਦੇ ਬਾਅਦ,

ਉਸ ਨੇ ਇਲਜ਼ਾਮ ਲਾਉਣ ਵਾਲਿਆਂ ਕੋਲ ਵਾਪਸ ਜਾ ਕੇ ਐਲਾਨ ਕਰ ਦਿੱਤਾ, ''ਮੈਂ ਇਸ ਮਨੁੱਖ ਵਿਚ ਕੋਈ ਦੋਸ਼ ਨਹੀਂ ਵੇਖਦਾ'' (ਲੂਕਾ 23:4; ਵੇਖੋ ਆਇਤ 14)। NIV ਵਿਚ ਹੈ , ''ਮੈਨੂੰ ਇਸ ਆਦਮੀ ਦੇ ਖ਼ਿਲਾਫ਼ ਕੋਈ ਇਲਜ਼ਾਮ ਨਹੀਂ ਮਿਲਿਆ।'' ਇੱਥੇ ਕਿਸ ਕਾਰਣ ਉਸ ਨੂੰ ਯਿਸੂ ਨੂੰ ਛੱਡ ਦੇਣਾ ਚਾਹੀਦਾ ਸੀ,[17] ਪਰ ਉਸ ਨੇ ਨਹੀਂ ਛੱਡਿਆ।

ਪੇਸ਼ੀਆਂ ਦੌਰਾਨ, ਪਿਲਾਤੁਸ ਨੇ ਬਾਰ ਬਾਰ ਯਿਸੂ ਨੂੰ ''ਦੋਸ਼ੀ ਨਹੀਂ!'' ਆਖਿਆ:[18]

> ''ਮੈਂ ਇਸ ਮਨੁੱਖ ਵਿਚ ਕੋਈ ਦੋਸ਼ ਨਹੀਂ ਵੇਖਦਾ'' (ਲੂਕਾ 23:4)।
>
> ''... ਜਿਹੜੀਆਂ ਗੱਲਾਂ ਦੀ ਤੁਸਾਂ ਇਸ ਉੱਤੇ ਨਾਲਸ਼ ਕੀਤੀ ਹੈ ਮੈਂ ਉਨ੍ਹਾਂ ਦੇ ਵਿਖੇ ਇਸ ਮਨੁੱਖ ਵਿਚ ਕੋਈ ਦੋਸ਼ ਨਹੀਂ ਵੇਖਿਆ'' (ਲੂਕਾ 23:14)।
>
> ਉਸ ਨੇ ਤੀਜੀ ਵਾਰ ਉਨ੍ਹਾਂ ਨੂੰ ਕਿਹਾ; ... ਇਸ ਨੇ ਕਿਹੜੀ ਬੁਰਿਆਈ ਕੀਤੀ? ਮੈਂ ਇਹ ਦੇ ਵਿਚ ਕਤਲ ਦੇ ਲਾਇਕ ਕੋਈ ਦੋਸ਼ ਨਹੀਂ ਵੇਖਿਆ ... ! (ਲੂਕਾ 23:22)।
>
> ਪਿਲਾਤੁਸ ... ਫੇਰ ਯਹੂਦੀਆਂ ਕੋਲ ਬਾਹਰ ਨਿੱਕਲਿਆ ਅਤੇ ਉਨ੍ਹਾਂ ਨੂੰ ਆਖਿਆ, ਮੈਂ ਉਸ ਦਾ ਕੋਈ ਦੋਸ਼ ਨਹੀਂ ਵੇਖਦਾ (ਯੂਹੰਨਾ 18:38)।
>
> ਤਦ ਪਿਲਾਤੁਸ ਨੇ ਫੇਰ ਬਾਹਰ ਨਿੱਕਲ ਕੇ ਉਨ੍ਹਾਂ ਨੂੰ ਆਖਿਆ, ਵੇਖੋ ਮੈਂ ਉਸ ਨੂੰ ਤੁਹਾਡੇ ਕੋਲ ਬਾਹਰ ਲਿਆਉਂਦਾ ਹਾਂ ਤਾਂ ਤੁਸੀਂ ਜਾਣੋ ਭਈ ਮੈਂ ਉਹ ਦਾ ਕੋਈ ਦੋਸ਼ ਨਹੀਂ ਵੇਖਦਾ ਹਾਂ (ਯੂਹੰਨਾ 19:4)।
>
> ਪਿਲਾਤੁਸ ਨੇ ਉਨ੍ਹਾਂ ਨੂੰ ਕਿਹਾ, ... ਮੈਂ ਇਹ ਦਾ ਕੋਈ ਦੋਸ਼ ਨਹੀਂ ਵੇਖਦਾ ਹਾਂ (ਯੂਹੰਨਾ 19:6ਅ)।

ਨਿਆਂ ਦਾ ਬੁਨਿਆਦੀ ਸਿਧਾਂਤ ''ਦੋਹਰੇ ਸ਼ੱਕ'' ਨੂੰ ਰੋਕਣਾ ਹੈ।[19] ''ਦੋਹਰੇ ਸ਼ੱਕ'' ਨਾਲ ਸਬੰਧਿਤ ਨਿਯਮ ਕਹਿੰਦਾ ਹੈ ਕਿ ਕਿਸੇ ਸ਼ਖ਼ਸ ਤੇ ਇਕ ਅਪਰਾਧ ਲਈ ਦੂਜੀ ਵਾਰ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ। ਪਿਲਾਤੁਸ ਦੇ ਸਾਹਮਣੇ ਯਿਸੂ ਦੇ ਮੁਕੱਦਮੇ ਵਿਚ, ਉਸ ਨੂੰ ਨਾ ਸਿਰਫ਼ *ਦੋਹਰਾ* ਖ਼ਤਰਾ, ਬਲਕਿ ''*ਤੀਹਰਾ* ਖ਼ਤਰਾ'' ਹੋਰ ਇਸ ਤੋਂ ਵੀ ਵਧ ਕੇ ਉਠਾਉਣਾ ਪਿਆ ਸੀ।

ਪਿਲਾਤੁਸ ਦੁਆਰਾ ''ਦੋਸ਼ੀ ਨਹੀਂ'' ਦੇ ਆਪਣੇ ਪਹਿਲੇ ਫ਼ੈਸਲੇ ਨੂੰ ਕਾਬੂ ਨਾ ਕਰ ਪਾਉਣ ਤੋਂ ਪਹਿਲਾਂ ਹੀ, ਕਾਰਵਾਈਆਂ ਵਿਚ ਨਿਆਂ ਨਹੀਂ ਰਿਹਾ ਸੀ। ਹਾਕਮ ਨੂੰ ਪਤਾ ਸੀ ਕਿ ਮਹਾਂਸਭਾ ਯਿਸੂ ਨੂੰ ਮਰਿਆ ਹੋਇਆ ਵੇਖਣਾ ਚਾਹੁੰਦੀ ਹੈ (ਮੱਤੀ 27:18; ਮਰਕੁਸ 15:10), ਪਰ ਉਸ ਨੇ ਫਿਰ ਵੀ ਉਸ ਨੂੰ ਛੱਡਿਆ ਨਹੀਂ। ਉਹ ਜਾਣਦਾ ਸੀ ਕਿ ਮਸੀਹ ਨਿਰਦੋਸ਼ ਹੈ, ਪਰ ਫਿਰ ਵੀ ਉਸ ਨੇ ਉਸੇ ਨੂੰ ਕੋਰੜੇ ਮਰਵਾ ਦਿੱਤੇ। ਉਹ ਜਾਣਦਾ ਸੀ ਕਿ ਯਿਸੂ ਨੇ ਮੌਤ ਦੀ ਸਜ਼ਾ ਲਾਇਕ ਕੋਈ ਕੰਮ ਨਹੀਂ ਕੀਤਾ ਹੈ, ਪਰ ਉਸ ਨੇ ਉਹ ਨੂੰ ਸਲੀਬ ਚੜ੍ਹਾਉਣ ਦੇ ਲਈ ਦੇ ਦਿੱਤਾ।

ਪਿਲਾਤੁਸ ਨੇ ਜੋ ਕੀਤਾ ਉਹ ਇਸ ਲਈ ਕੀਤਾ ਸੀ, ਕਿਉਂਕਿ ਇਸ ਵਿਚ ਉਸ ਦਾ ਸਿਆਸੀ ਹਿੱਤ ਸੀ[20] ਪਰ ਇਸ ਨਾਲ ਉਸ ਨੇ ਉਹ ਨਹੀਂ ਕੀਤਾ ਜੋ ਉਚਿਤ ਸੀ। ਯਹੂਦੀਆਂ ਦੇ ਦਬਾਅ ਵਿਚ ''ਯਿਸੂ ਨੂੰ ਛੇਤੀ ਛੇਤੀ ਇਕ ਤੋਂ ਦੂਜੇ ਅਧਿਕਾਰੀ ਕੋਲ ਭੇਜਿਆ ਗਿਆ''[21] ਜਦੋਂ ਤਕ ਅਖ਼ੀਰ ਵਿਚ ਪਿਲਾਤੁਸ ਨੇ ਉਸ ਨੂੰ ''ਸਲੀਬ ਤੇ ਚੜ੍ਹਾਉਣ'' ਲਈ ਦੇ ਨਾ ਦਿੱਤਾ (ਮੱਤੀ 27:26)।

ਯਿਸੂ ਨੂੰ ਪਿਲਾਤੁਸ ਰਾਹੀਂ ਮੁਕੱਦਮਾ ਚਲਾ ਕੇ ਦੋਸ਼ੀ *ਨਹੀਂ* ਪਾਇਆ ਗਿਆ ਸੀ, ਬਲਕਿ ਰੋਮੀ

ਹਾਕਮ ਨੇ ਤਾਂ ਬਾਰ ਬਾਰ ਉਸ ਨੂੰ ਬੇਕਸੂਰ ਕਰਾਰ ਦਿੱਤਾ ਸੀ। ਪੂਰੇ ਮੁਕੱਦਮੇ ਅਤੇ ਬਾਅਦ ਦੀਆਂ ਘਟਨਾਂਵਾਂ ਵਿਚ, ਯਿਸੂ ਦੇ ਸੰਪਰਕ ਵਿਚ ਆਉਣ ਵਾਲੇ ਸਾਰੇ ਲੋਕ ਜਾਣਦੇ ਸਨ ਕਿ ਉਹ ਬੇਕਸੂਰ ਹੈ।[22] ਪਿਲਾਤੁਸ ਜਾਣਦਾ ਸੀ ਕਿ ਉਹ ਬੇਕਸੂਰ ਹੈ। ਪਿਲਾਤੁਸ ਦੀ ਪਤਨੀ ਨੂੰ ਪਤਾ ਸੀ ਕਿ ਉਹ ਬੇਕਸੂਰ ਹੈ (ਮੱਤੀ 27:19)। ਹੇਦਰੋਦੇਸ ਜਾਣਦਾ ਸੀ ਕਿ ਉਹ ਬੇਕਸੂਰ ਹੈ (ਲੂਕਾ 23:15)। ਯਹੂਦਾ ਨੂੰ ਜਿਸ ਨੇ ਉਸ ਨੂੰ ਫੜਵਾਇਆ ਸੀ, ਪਤਾ ਸੀ ਕਿ ਉਹ ਬੇਕਸੂਰ ਹੈ (ਮੱਤੀ 27:4)। ਯਿਸੂ ਨਾਲ ਸਲੀਬ ਤੇ ਚੜ੍ਹਨ ਵਾਲਾ ਡਾਕੂ ਜਾਣਦਾ ਸੀ ਕਿ ਉਹ ਬੇਕਸੂਰ ਹੈ (ਲੂਕਾ 23:41)। ਇੱਥੋਂ ਤਕ ਕਿ ਸਲੀਬ ਤੇ ਚੜ੍ਹਾਉਣ ਵਾਲਾ ਇੰਚਾਰਜ, ਸੂਬੇਦਾਰ ਜਾਣਦਾ ਸੀ ਕਿ ਉਹ ਬੇਕਸੂਰ ਹੈ (ਵੇਖੋ ਮੱਤੀ 27:54; ਮਰਕੁਸ 15:39)।

## ਇੱਕੀਵੀਂ ਸਦੀ ਵਿਚ ਯਿਸੂ ਤੇ ਮੁਕੱਦਮਾ

ਆਓ ਪਹਿਲੀ ਸਦੀ ਤੋਂ ਇੱਕਵੀਂ ਸਦੀ ਵਿਚ ਆਉਂਦੇ ਹਾਂ। ਅਸੀਂ ਯਿਸੂ ਬਾਰੇ ਦੂਜਿਆਂ ਦੇ ਫ਼ੈਸਲੇ ਵੇਖੇ ਹਨ, ਪਰ ਹੁਣ ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ, ''*ਤੁਹਾਡਾ* ਫ਼ੈਸਲਾ ਕੀ ਹੈ?'' ਜਲਦਬਾਜ਼ੀ ਵਿਚ ਜਵਾਬ ਨਾ ਦਿਓ। ਪਹਿਲਾਂ ਆਪਣੇ ਫ਼ੈਸਲੇ ਦੇ ਮਹੱਤਵ ਨੂੰ ਸਮਝ ਲਓ।

ਮੈਂ ਕਿਸੇ ਦੇ ਆਪਣੀ ਗੱਲ ਦੇ ਅਰਥ ਨੂੰ ਸਮਝੇ ਬਿਨਾਂ, ਇਹ ਜਵਾਬ ਦੇਣ ਦੀ ਕਲਪਨਾ ਕਰ ਸਕਦਾ ਹਾਂ, ''ਮੇਰਾ ਫ਼ੈਸਲਾ ਹੈ ਕਿ ਉਹ ਬੇਕਸੂਰ ਹੈ! ਯਿਸੂ ਮੌਤ ਦੀ ਸਜ਼ਾ ਦਾ ਦੋਸ਼ੀ ਨਹੀਂ ਸੀ।'' ਤੁਸੀਂ ਯਿਸੂ ਨੂੰ ''ਦੋਸ਼ੀ ਨਹੀਂ'' ਕਹਿੰਦੇ ਨਹੀਂ ਰਹਿ ਸਕਦੇ ਜਦ ਤਕ ਤੁਸੀਂ ਉਸ ਨੂੰ ਖ਼ੁਦਾ ਦਾ ਪੁੱਤਰ ਅਤੇ ਆਪਣੀ ਜ਼ਿੰਦਗੀ ਦਾ ਪ੍ਰਭੂ ਨਹੀਂ ਮੰਨਦੇ।

ਮੈਂ ਇਹ ਦਾਅਵਾ ਕਿਉਂ ਕਰਦਾ ਹਾਂ? ਵਿਚਾਰ ਕਰੋ ਕਿ ਯਹੂਦੀਆਂ ਅਤੇ ਰੋਮੀਆਂ ਦੁਆਰਾ ਯਿਸੂ ਨੂੰ ਸਜ਼ਾ ਕਿਉਂ ਦਿੱਤੀ ਗਈ ਸੀ। ਯਹੂਦੀ ਆਗੂਆਂ ਦਾ ਦਾਅਵਾ ਸੀ ਕਿ ਯਿਸੂ ਇਹ ਮੰਨ ਕੇ ਕਿ ਉਹ ਖ਼ੁਦਾ ਦਾ ਪੁੱਤਰ ਹੈ, ਕੁਫ਼ਰ ਬਕਣ ਦਾ ਦੋਸ਼ੀ ਸੀ (ਮੱਤੀ 26:63–66)। ਯਿਸੂ ਦੇ ਖ਼ੁਦਾਈ ਨੂੰ ਨਾ ਮੰਨਣ ਨੂੰ ਤਿਆਰ ਉਨ੍ਹਾਂ ਨੇ ਉਸ ਨੂੰ ''ਦੋਸ਼ੀ ਕਰਾਰ'' ਦੇ ਦਿੱਤਾ। ਪਿਲਾਤੁਸ ਦੇ ਸਾਹਮਣੇ ਲਾਇਆ ਗਿਆ ਦੋਸ਼ ਇਹ ਸੀ ਕਿ ਯਿਸੂ ਨੇ ਬਾਦਸ਼ਾਹ ਹੋਣ ਦਾ ਦਾਅਵਾ ਕੀਤਾ ਹੈ (ਲੂਕਾ 23:2), ਜੋ ਇਹੋ ਜਿਹਾ ਦੋਸ਼ ਸੀ ਜਿਸ ਤੋਂ ਉਸ ਨੇ ਇਨਕਾਰ ਨਹੀਂ ਕੀਤਾ (ਮੱਤੀ 27:11)। ਜਿਸ ''ਅਪਰਾਧ'' ਲਈ ਯਿਸੂ ਨੂੰ ਰੋਮੀ ਸਲੀਬ ਤੇ ਚੜ੍ਹਾਇਆ ਗਿਆ, ਉਹ ਇਹ ਸੀ ਕਿ ਉਸ ਨੇ ਅਪਾਣੇ ਆਪ ਨੂੰ ਯਹੂਦੀਆਂ ਦਾ ਬਾਦਸ਼ਾਹ ਬਣਾਇਆ ਸੀ (ਵੇਖੋ ਯੂਹੰਨਾ 19:19–22)। ਯਿਸੂ ਦੇ ਵੈਰੀਆਂ ਨੇ ਉਸ ਦਾਅਵੇ ਨੂੰ ਈਸ਼ਵਰੀ ਹੋਣ ਤੋਂ ਇਨਕਾਰ ਕਰ ਦਿੱਤਾ; ਉਨ੍ਹਾਂ ਦੀ ਨਜ਼ਰ ਵਿਚ ਉਹ ਸਿਰਫ਼ ਇਕ ਗੜਗੜ ਫੈਲਾਉਣ ਵਾਲਾ ਸ਼ਖ਼ਸ ਸੀ, ਜਿਹੜਾ ਮਰਨ ਦੇ ਯੋਗ ਸੀ।

ਇਨ੍ਹਾਂ ਸਭ ਗੱਲਾਂ ਨੂੰ ਧਿਆਨ ਵਿਚ ਰੱਖਦੇ ਹੋਏ, ਮੈਂ ਤੁਹਾਨੂੰ ਪੁੱਛਦਾ ਹਾਂ, ''*ਤੁਹਾਡਾ* ਕੀ ਫ਼ੈਸਲਾ ਹੈ?'' ਕੀ ਤੁਸੀਂ ਮੰਨਦੇ ਹੋ ਕਿ ਖ਼ੁਦਾ ਦਾ ਪੁੱਤਰ ਹੋਣ ਦਾ ਦਾਅਵਾ ਕਰਕੇ ਯਿਸੂ ਕੁਫ਼ਰ ਕਰਨ ਦਾ ਦੋਸ਼ੀ ਸੀ ਜਾਂ ਤੁਸੀਂ ਉਸ ਨੂੰ ਖ਼ੁਦਾ ਦਾ ਖ਼ੁਦਾਈ ਪੁੱਤਰ ਮੰਨਣ ਨੂੰ ਤਿਆਰ ਹੋ? ਕੀ ਤਸੀਂ ਮੰਨਦੇ ਹੋ ਕਿ ਯਿਸੂ ਸਿਆਸੀ ਗੜਬੜ ਜਾਂ ਬਗ਼ਾਵਤ ਨੂੰ ਭੜਕਾਉਣ ਦਾ ਦੋਸ਼ੀ ਸੀ ਜਾਂ ਤੁਸੀਂ ਉਸ ਨੂੰ ਆਤਮਿਕ ''ਰਾਜਿਆਂ ਦਾ ਰਾਜਾ ਅਤੇ ਪ੍ਰਭੂਆਂ ਦਾ ਪ੍ਰਭੂ'' (ਪ੍ਰਕਾਸ਼ ਦੀ ਪੋਥੀ 19:16) ਮੰਨ ਕੇ ਕਬੂਲ ਕਰਨ ਨੂੰ ਤਿਆਰ ਹੋ? ਕੀ ਤੁਸੀਂ ਉਸ ਦੇ ਅਧੀਨ ਹੋਣ, ਉਸ ਦੀ ਇੱਛਾ ਦੇ ਅੱਗੇ ਸਮਰਪਣ ਕਰਨ ਨੂੰ ਤਿਆਰ ਹੋ, ਚਾਹੇ ਜੋ ਵੀ ਹੋ ਜਾਵੇ (ਲੂਕਾ 6:46)? ਮੈਂ ਦੁਹਰਾਉਂਦਾ ਹਾਂ ਕਿ ਬਿਨਾਂ ਉਸ ਨੂੰ ਖ਼ੁਦਾ ਦਾ ਪੁੱਤਰ ਅਤੇ ਆਪਣੀ ਜ਼ਿੰਦਗੀ ਦਾ ਪ੍ਰਭੂ ਮੰਨੇ, ਤੁਸੀਂ ਉਸ ਨੂੰ ''ਬੇਕਸੂਰ ਨਹੀਂ'' ਕਹਿ ਸਕਦੇ।

ਯਿਸੂ ਨੂੰ ਰੋਮੀ ਸਲੀਬ ਤੇ ਆਪਣੀ ਜ਼ਿੰਦਗੀ ਵਿਚ ਕੀਤੇ ਕਿਸੇ ਪਾਪ ਦੇ ਕਾਰਣ ਨਹੀਂ ਚੜ੍ਹਾਇਆ ਗਿਆ ਸੀ, ਬਲਕਿ ਦੂਜਿਆਂ ਦੁਆਰਾ ਕੀਤੇ ਗਏ ਪਾਪਾਂ ਦੇ ਕਾਰਣ ਚੜ੍ਹਾਇਆ ਗਿਆ ਸੀ।[23] ਉਸ

ਬਹੁਤ ਪੁਰਾਣੇ ਸ਼ੁੱਕਰਵਾਰ ਦੇ ਦਿਨ ਨਿਆਂ ਨੂੰ ਈਰਖਾ, ਅਗਿਆਨਤਾ ਅਤੇ ਸਮਝੌਤੇ ਨਾਲ ਦਬਾ ਦਿੱਤਾ ਸੀ (ਵੇਖੋ ਮੱਤੀ 27:18; ਰਸੂਲਾਂ ਦੇ ਕੰਮ 3:17; ਮਰਕੁਸ 15:15)। ਇਹ ਅਤੇ ਇਸ ਨਾਲ ਜੁੜੇ ਦੂਜੇ ਵਿਹਾਰਕ ਲੋਕਾਂ ਨੂੰ ਯਿਸੂ ਨੂੰ ਉਹ ਮੰਨਣ ਤੋਂ, ਜੋ ਉਹ ਅਸਲ ਵਿਚ ਹੈ, ਰੋਕੀ ਰੱਖਦੇ ਹਨ। ਕੁਝ ਲੋਕਾਂ ਦੇ ਮਨ ਵਿਚ ਯਿਸੂ ਬਾਰੇ ਉਹੋ ਗੱਲਾਂ ਹਨ, ਜੋ ਉਨ੍ਹਾਂ ਨੇ ਕਿਸੇ ਦੂਜੇ ਕੋਲੋਂ ਸੁਣੀਆਂ ਹਨ। ਦੂਜੇ ਸਿਰਫ਼ ਬਾਈਬਲ ਵਿਚ ਉਸ ਦੇ ਬਾਰੇ ਦੱਸੀਆਂ ਗਈਆਂ ਗੱਲਾਂ ਤੋਂ ਅਣਜਾਣ ਰਹਿ ਕੇ ਇਸ ਤਰ੍ਹਾਂ ਕਰਦੇ ਹਨ। ਬਹੁਤ ਸਾਰੇ ਲੋਕ ਪਿਲਾਤੁਸ ਵਾਂਗ ਉਸ ਦੇ ਪੱਖ ਵਿਚ ਹੋਣ ਤੋਂ ਡਰਦੇ ਹਨ, ਕਿਉਂਕਿ ਉਹ ''ਭੀੜ ਨੂੰ ਪ੍ਰਸੰਨ ਕਰਨ ਦੀ ਇੱਛਾ'' ਰੱਖਦੇ ਹਨ (ਮਰਕੁਸ 15:15)।

ਮਹਾਂਸਭਾ ਦੁਆਰਾ ਮੁਕੱਦਮਾ ਚਲਾਏ ਜਾਣ ਦੇ ਸਮੇਂ, ਯਿਸੂ ਨੇ ਸਭਾ ਦੀ ਤੰਗ ਸੋਚ ਵੱਲ ਧਿਆਨ ਦੁਆਇਆ ਸੀ: ''ਜੇ ਮੈਂ ਤੁਹਾਨੂੰ ਦੱਸਾਂ [ਕਿ ਮੈਂ ਮਸੀਹ ਹਾਂ], ਤੁਸੀਂ ਪਰਤੀਤ ਕਦੇ ਨਾ ਕਰੋਗੇ ਅਰ ਜੇ [ਮੈਂ ਤੁਹਾਨੂੰ] ਪੁੱਛਾ ਤਾਂ ਤੁਸੀਂ ਉੱਤਰ ਕਦੇ ਨਾ ਦੇਓਗੇ'' (ਲੂਕਾ 22:67, 68)। ਉਨ੍ਹਾਂ ਦੀ ਯਿਸੂ ਦੇ ਦਾਅਵਿਆਂ ਨੂੰ ਗੰਭੀਰਤਾ ਨਾਲ ਜਾਂਚਣ ਦੀ ਕੋਈ ਇੱਛਾ ਨਹੀਂ ਸੀ। ਮੇਰੀ ਦੁਆ ਹੈ ਕਿ ਤੁਸੀਂ ਉਨ੍ਹਾਂ ਵਰਗੇ ਨਾ ਬਣੋ। ਯਕੀਨਨ ਹੀ ਮਸੀਹ ਦੀ ਜ਼ਿੰਦਗੀ ਦਾ ਸਾਡਾ ਅਧਿਐਨ ਕਿਸੇ ਨਿਸ਼ਕਪਟ ਮਨ ਨੂੰ ਵਿਸ਼ਵਾਸ ਦੁਆਉਣ ਲਈ ਕਾਫ਼ ਹੈ ਕਿ ਯਿਸੂ ਉਹੋ ਹੈ ਜੋ ਹੋਣ ਦਾ ਉਸ ਨੇ ਦਾਅਵਾ ਕੀਤਾ ਸੀ।[24] ਜੇ ਤੁਸੀਂ ਹਾਲੇ ਤਕ ਯਿਸੂ ਵਿਚ ਆਪਣੇ ਵਿਸ਼ਵਾਸ ਦਾ ਇਕਰਾਰ ਨਹੀਂ ਕੀਤਾ ਹੈ, ਤਾਂ ਮੇਰੀ ਆਸ ਅਤੇ ਦੁਆ ਹੈ ਕਿ ਅੱਜ ਹੀ ਉਸ ਬਾਰੇ ਤੁਹਾਡਾ ਫ਼ੈਸਲਾ ''ਦੋਸ਼ੀ ਨਾ ਹੋ ਜਾਵੇ ਕਿਉਂਕਿ ਪੂਰੇ ਮਨ ਨਾਲ ਮੇਰਾ ਵਿਸ਼ਵਾਸ ਹੈ ਕਿ ਯਿਸੂ ਹੀ ਮਸੀਹ, ਜੀਉਂਦੇ ਪਰਮੇਸ਼ੁਰ ਦਾ ਪੁੱਤਰ ਹੈ!'' (ਵੇਖੋ ਮੱਤੀ 16:16)।

## ਸਾਰ

ਅਸੀਂ ਸਵਾਲ ਪੁੱਛਿਆ ਹੈ ਕਿ ''ਤੁਸੀਂ ਯਿਸੂ ਨਾਲ ਕੀ ਕਰੋਗੇ?'' ਫ਼ੈਸਲਾ ਹੁਣ ਤੁਸੀਂ ਦੇਣਾ ਹੈ। ਅਲਬਰਟ ਸਿੰਪਸਨ ਨੇ ਲਿਖਿਆ ਹੈ:

> ਮਿੱਤਰਹੀਣ, ਤਿਆਗਿਆ ਹੋਇਆ ਅਤੇ ਹਰ ਕਿਸੇ ਤੋਂ ਧੋਖਾ ਖਾ ਕੇ,
> ਯਿਸੂ ਪਿਲਾਤੁਸ ਦੇ ਦਰਬਾਰ ਵਿਚ ਖਲੋਤਾ ਹੈ,
> ਸੁਣੋ! ਇਹ ਅਚਾਨਕ ਪੁਕਾਰ ਦਾ ਕੀ ਮਤਲਬ ਹੈ!
> ਤੁਸੀਂ ਯਿਸੂ ਨਾਲ ਕੀ ਕਰੋਗੇ?
>
> ਯਿਸੂ ਅੱਜ ਵੀ ਪੇਸ਼ੀ ਲਈ ਖਲੋਤਾ ਹੈ,
> ਚਾਹੋ ਤਾਂ ਤੁਸੀਂ ਉਸ ਤੋਂ ਮੁੱਕਰ ਸਕਦੇ ਹੋ;
> ਚੰਗੇ ਜਾਂ ਮਾੜੇ ਵਕਤ ਤੁਸੀਂ ਉਸ ਦੇ ਵਫ਼ਾਦਾਰ ਹੋ ਸਕਦੇ ਹੋ;
> ਤੁਸੀਂ ਯਿਸੂ ਨਾਲ ਕੀ ਕਰੋਗੇ?
>
> ਕੀ ਤੁਸੀਂ ਪਿਲਾਤੁਸ ਵਾਂਗ ਉਸ ਤੋਂ ਬਚਣ ਦੀ ਕੋਸ਼ਿਸ਼ ਕਰੋਗੇ,
> ਜਾਂ ਹਰ ਹਾਲ ਵਿਚ, ਉਸੇ ਨੂੰ ਚੁਣੋਗੇ?
> ਉਸ ਤੋਂ ਲੁਕਣ ਦਾ ਕੋਈ ਫ਼ਾਇਦਾ ਨਹੀਂ,
> ਤੁਸੀਂ ਯਿਸੂ ਨਾਲ ਕੀ ਕਰੋਗੇ?
>
> ਮੇਰੇ ਦੋਸਤ, ਤੁਸੀਂ ਯਿਸੂ ਨਾਲ ਕੀ ਕਰੋਗੇ?
> ਨਿਰਪੱਖ ਤਾਂ ਤੁਸੀਂ ਰਹਿ ਨਹੀਂ ਸਕਦੇ:
> ਦੋਸਤ, ਇਕ ਦਿਨ ਤੁਹਾਡਾ ਮਨ ਤੁਹਾਨੂੰ ਪੁੱਛੇਗਾ,

''ਉਹ ਮੇਰੇ ਨਾਲ ਕੀ ਕਰੇਗਾ?''[25]

ਯਹੂਦੀਆਂ ਅਤੇ ਪਿਲਾਤੁਸ ਨੇ ਜਿਹੜੀ ਗੱਲ ਨਹੀਂ ਸਮਝੀ, ਉਹ ਇਹ ਸੀ ਕਿ ਜਦੋਂ ਯਿਸੂ ਪੇਸ਼ੀ ਲਈ ਉਨ੍ਹਾਂ ਦੇ ਸਾਹਮਣੇ ਸੀ, ਤਾਂ ਉਸ ਦੇ ਅੱਗੇ ਉਨ੍ਹਾਂ ਤੇ ਵੀ ਮੁਕੱਦਮਾ ਸੀ। ਉਨ੍ਹਾਂ ਨੇ ਸਿਰਫ਼ ਯਿਸੂ ਨੂੰ ਹੀ ਸਜ਼ਾ ਨਹੀਂ ਦਿੱਤੀ, ਬਲਕਿ ਆਪਣੇ ਫ਼ੈਸਲਿਆਂ ਨਾਲ ਉਨ੍ਹਾਂ ਨੇ ਆਪਣੇ ਆਪ ਨੂੰ ਵੀ ਮੁਜਰਮ ਠਹਿਰਾਇਆ। ਕੁਝ ਸਾਲਾਂ ਬਾਅਦ, ਪਿਲਾਤੁਸ ਨੇ ਆਪਣਾ ਅਹੁਦਾ ਗੁਆ ਦਿੱਤਾ ਅਤੇ ਖੁਦਕੁਸ਼ੀ ਕਰ ਲਈ;[26] ਕੁਝ ਦਹਾਕਿਆਂ ਬਾਅਦ, ਯਰੂਸ਼ਲਮ ਨਗਰ ਬਰਬਾਦ ਹੋ ਗਿਆ। ਯਿਸੂ ਬਾਰੇ ਅੱਜ ਲਏ ਗਏ ਤੁਹਾਡੇ ਫ਼ੈਸਲੇ ਤੋਂ ਇਹ ਤੈਅ ਹੋਵੇਗਾ ਕਿ ਤੁਸੀਂ ਸਦੀਪਕ ਕਾਲ ਦਾ ਸਮਾਂ ਕਿੱਥੇ ਕੱਟੋਗੇ (ਵੇਖੋ ਮੱਤੀ 10:32, 33; 2 ਤਿਮੋਥਿਉਸ 2:12)। ਜੇ ਤੁਸੀਂ ਆਪਣੇ ਪਾਪਾਂ ਤੋਂ ਤੌਬਾ ਕਰਕੇ ਉਸ ਵਿਚ ਆਪਣੇ ਵਿਸ਼ਵਾਸ ਦਾ ਇਕਰਾਰ ਕਰਕੇ ਉਸ ਦੀ ਇੱਛਾ ਨੂੰ ਨਹੀਂ ਮੰਨਿਆ ਹੈ ਤਾਂ ਅੱਜ ਹੀ ਮੰਨ ਲਓ (ਲੂਕਾ 13:3; ਮੱਤੀ 10:32; ਮਰਕੁਸ 16:15, 16)!

## ਨੋਟਸ

ਇਸ ਸਰਮਨ ਦਾ ਇਕ ਬਦਲਵਾਂ ਸਿਰਲੇਖ ''ਯਿਸੂ ਦੀ ਪੇਸ਼ੀ'' ਹੈ–ਜੋ ਤੁਸੀਂ ਪਹਿਲਾਂ ਅਜਿਹੇ ਸਿਰਲੇਖ ਦੀ ਵਰਤੋਂ ਨਹੀਂ ਕੀਤੀ। ਤੁਸੀਂ ਚਾਹੋ ਤਾਂ ਯਿਸੂ ਦੀ ਖ਼ੁਦਾਈ ਦੇ ਸਬੂਤ ਦਾ ਸਾਰ ਜੋੜ ਕੇ ਇਸ ਸਰਮਨ ਨੂੰ ਅੱਗੇ ਵਧਾ ਸਕਦੇ ਹੋ।

---

ਟਿੱਪਣੀਆਂ

[1]ਇਸ ਸਰਮਨ ਲਈ ਆਇਤਾਂ ਹਨ ਮੱਤੀ 26:57, 59–68; 27:1, 2, 11–31; ਮਰਕੁਸ 14:53, 55–65; 15:1–20ਓ; ਲੂਕਾ 22:54ਓ, 63–71; 23:1–25; ਯੂਹੰਨਾ 18:12–14, 19–24, 28–40; 19:1–16. [2]ਇਨ੍ਹਾਂ ਇਤਰਾਜ਼ਾਂ ਦਾ ਜਵਾਬ ਦੇਣ ਦਾ ਇਕ ਹੋਰ ਪਹਿਲੂ ਇਹ ਸਮਝਾਉਣਾ ਹੈ ਕਿ ਸਾਡੀ ਮੁਕਤੀ ਲਿਆਉਣ ਲਈ ਯਿਸੂ ਦਾ *ਮਰਨਾ* ਕਿਉਂ ਜ਼ਰੂਰੀ ਸੀ। [3]ਜੇ ਇਸ ਸਰਮਨ ਦੀ ਵਰਤੋਂ ਇਨ੍ਹਾਂ ਪੇਸ਼ੀਆਂ ਨੂੰ ਦੱਸਣ ਵਾਲੇ ਪਾਠਾਂ ਦੀ ਪੈਰਵੀ ਲਈ ਨਹੀਂ ਕੀਤੀ ਜਾਂਦੀ, ਤਾਂ ਪੇਸ਼ੀਆਂ ਦੀ ਸਮੀਖਿਆ ਕਰਨੀ ਚਾਹੀਦੀ ਹੈ। [4]ਕਾਨੂੰਨ ਦੇ ਆਪਣੇ ਕਾਲਜ ਲਈ ਹਾਰਵਰਡ, ਕੈਂਬਰਿਜ, ਮੈਸਾਚੁਏਟਸ ਵਿਚ ਇਕ ਨਾਮੀ ਅਮਰੀਕੀ ਯੂਨੀਵਰਸਿਟੀ ਹੈ। [5]ਰੇਮੰਡ ਈ. ਬ੍ਰਾਊਨ, *ਦ ਡੈੱਥ ਆਫ਼ ਦ ਮਸਾਯਾਹ,* ਜਿਲਦ 1 (ਨਿਊ ਯਾਰਕ: ਡਬਲਡੇ, 1994), 330. [6]*ਦ ਗਿਮਾਰਾ* (*ਦ ਮਿਸ਼ਨਾਹ* ਤੇ ਬਾਅਦ ਦੇ ਟੀਕਾ) ਨਾਲ *ਦ ਮਿਸ਼ਨਾਹ* (ਜਿਸ ਨੂੰ ''ਮਿਸ਼ਨਾ'' ਵੀ ਬੋਲਿਆ ਜਾਂਦਾ ਹੈ) ਮਿਲ ਕੇ *ਦ ਤਾਲਮੁਡ* ਅਖਵਾਉਂਦੇ ਹਨ, ਜਿਸ ਨਾਲ ਅੱਜ ਵੀ ਯਹੂਦੀ ਗਤੀਵਿਧੀਆਂ ਚਲਾਈਆਂ ਜਾਂਦੀਆਂ ਹਨ। [7]ਇਹ ਸੂਚੀ ਬ੍ਰਾਊਨ, 358–59 ਅਤੇ ਬਰੂਸ ਕੋਰਲੀ, ''ਟ੍ਰਾਇਲ ਆਫ਼ ਜੀਜ਼ਸ,'' *ਡਿਕਸ਼ਨਰੀ ਆਫ਼ ਜੀਜ਼ਸ ਐਂਡ ਦ ਗੌਸਪਲਜ਼,* ਸੰਪਾ. ਜੋਏਲ ਬੀ. ਗ੍ਰੀਨ ਐਂਡ ਸਕੌਟ ਮੈਕਨਾਈਟ (ਡਾਊਨਰਜ਼ ਗ੍ਰੋਵ, ਇਲਿਨੋਇਸ: ਇੰਟਰਵਰਸਿਟੀ ਪ੍ਰੈੱਸ, 1992), 851 ਸਣੇ ਕਈ ਵਸੀਲਿਆਂ ਦਾ ਸਾਰ ਹੈ। [8]ਲੂਕਾ ਨੇ ਬਾਅਦ ਵਿਚ ਇਹ ਗੱਲ ਦੱਸੀ ਕਿ ਸਭਾ ਦਾ ਇਕ ਮੈਂਬਰ, ਅਰਿਮਥੈਆ ਦਾ ਯੂਸੁਫ਼ ''ਉਨ੍ਹਾਂ ਦੇ ਇਸ ਕੰਮ ਨਾਲ ਸਹਿਮਤ'' *ਨਹੀਂ* ਸੀ (ਲੂਕਾ 23:51)। ਸ਼ਾਇਦ ਯੂਸੁਫ਼ ਕਾਰਵਾਈ ਸਮੇਂ ਉੱਥੇ ਨਹੀਂ ਸੀ ਜਾਂ ਸ਼ਾਇਦ ਮਰਕੁਸ ਅਤੇ ਲੂਕਾ ਨੇ ''ਸਭ'' ਸ਼ਬਦ ਦੀ ਵਰਤੋਂ ''ਜਿਆਦਾਤਰ ਲੋਕਾਂ'' ਦੇ ਅਰਥ ਵਿਚ ਕੀਤੀ ਹੈ। [9]ਯਿਸੂ ਦੀਆਂ ਯਹੂਦੀ ਪੇਸ਼ੀਆਂ ਦੇ ਨਵੇਂ ਨੇਮ ਦੇ ਵਿਰਤਾਂਤ ਨੂੰ ਕਈ ਲੋਕਾਂ ਵੱਲੋਂ, ਜੋ ਇਹ ਜ਼ੋਰ ਦਿੰਦੇ ਹਨ ਕਿ ਯਹੂਦੀ ਅਦਾਲਤ ਅਜਿਹਾ ਦੁਸ਼ਟ ਕੰਮ ਨਹੀਂ ਕਰ ਸਕਦੀ ਸੀ, ਚੁਣੌਤੀ ਦਿੱਤੀ ਜਾਂਦੀ ਹੈ। ਇਨ੍ਹਾਂ ਵਿਰੋਧ ਕਰਨ ਵਾਲਿਆਂ ਨੂੰ ਨਿਆਂ ਦੇ ਜਾਣ ਬੁੱਝ ਕੇ ਕੀਤੇ ਜਾਣ ਵਾਲੇ ਕਤਲ ਦੀ ਜਾਣਕਾਰੀ

ਨਹੀਂ ਹੋਵੇਗੀ ਹੈ ਜੋ ''ਧਾਰਮਿਕ ਅਦਾਲਤਾਂ'' ਵੱਲੋਂ ਕੀਤੀ ਜਾਂਦੀ ਹੈ, ਜਿਸ ਨਾਲ ਮਨੁੱਖਤਾ ਦੇ ਇਤਿਹਾਸ ਤੇ ਧੱਬਾ ਲਗਦਾ ਹੈ। ਮੇਰਾ ਮੰਨਣਾ ਹੈ ਕਿ ਇੰਜੀਲ ਦੇ ਵਿਰਤਾਂਤ ਦੇ ਲੇਖਕਾਂ ਨੂੰ ਖ਼ੁਦਾ ਦੀ ਪ੍ਰੇਰਣਾ ਸੀ, ਅਤੇ ਇਸ ਕਰਕੇ ਉਨ੍ਹਾਂ ਨੇ ਸਿਰਫ਼ ਸੱਚਾਈ ਅਤੇ ਸੱਚਾਈ ਹੀ ਲਿਖੀ। [10]ਕੁਝ ਲੋਕ ''ਬੇਨੇਮੀਆਂ'' ਨੂੰ ਤਰਜੀਹ ਦਿੰਦੇ ਹਨ, ਪਰ ''ਅਨਿਆਂ'' ਬਹੁਤਾ ਸਹੀ ਲਗਦਾ ਹੈ।

[11]ਕਈਆਂ ਦਾ ਮੰਨਣਾ ਹੈ ਕਿ ਘੱਟੋ ਘੱਟ 27 ਅਨਿਆਂ ਹੋਏ (ਕੋਰਲੀ, 851)। [12]ਇਸ ਸੂਚੀ ਨੂੰ ਵਧਾਇਆ ਜਾ ਸਕਦਾ ਸੀ। ਉਦਾਹਰਣ ਲਈ, *ਦ ਮਿਸ਼ਨਾਹ* ਮੁਤਾਬਿਕ, ਕੋਈ ਜੱਜ ਆਪਣੇ ਮੁਕੱਦਮੇ ਵਿਚ ਗਵਾਹ ਨਹੀਂ ਹੋ ਸਕਦਾ ਸੀ (ਸੈਨਹੇਡ੍ਰਿਨ 5.4), ਪਰ ਮਹਾਂਸਭਾ ਦੇ ਮੈਂਬਰ ਯਿਸੂ ਦੀ ਕਥਿਤ ''ਕੁਫ਼ਰ'' ਦੇ ਗਵਾਹ ਵੀ ਸਨ ਅਤੇ ਜੱਜ ਵੀ (ਲੂਕਾ 22:71)। [13]ਵਾਰੇਨ ਡਬਲਯੂ. ਵਿਅਰਸਬੇ, *ਦ ਬਾਈਬਲ ਐਕਸਪੋਜ਼ਿਸ਼ਨ ਕਮੈਂਟਰੀ,* ਜਿਲਦ 1 (ਵ੍ਹੀਟਨ, ਇਲਿਨੋਇਸ: ਵਿਕਟਰ ਬੁਕਸ, 1989), 377. [14]ਏ. ਐਨ. ਸ਼ੈਰਵਿਨ–ਵ੍ਹਾਈਟ, ''ਪਾਇਲੇਟ, ਪੋਂਟਿਉਸ,'' *ਦ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇਨਸਾਈਕਲੋਪੀਡੀਆ,* ਸੋਧ, ਆਮ ਜਿਲਦ ਜਿਓਫ਼ਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1986), 3:868. [15]ਕੋਰਲੀ, 849. ਕੋਰਲੀ ਨੇ ਜਰਮਨੀ ਦੇ ਥਿਓਡਰ ਮੋਮਸੇਨ ਵੱਲੋਂ ਕੀਤੇ ਅਧਿਐਨ ਦੀ ਗੱਲ ਕੀਤੀ, ਜਿਸ ਨੂੰ 1902 ਵਿਚ ਸਾਹਿਤ ਲਈ ਨੋਬਲ ਪੁਰਸਕਾਰ ਮਿਲਿਆ ਸੀ। ਮੋਮਸੇਨ ਦੀ ਸਭ ਤੋਂ ਮਸ਼ਹੂਰ ਕਿਤਾਬ ਚੌਵੀ ਜਿਲਦਾਂ ਵਾਲੀ *ਹਿਸਟਰੀ ਆਫ਼ ਰੋਮ* ਹੈ। [16]ਵਾਲਟਰ ਵੈਂਗਰਿਨ, ਜੂਨੀ., *ਦ ਬੁਕ ਆਫ਼ ਗੌਡ: ਦ ਬਾਈਬਲ ਐਜ਼ ਏ ਨੌਵਲ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੋਂਡਰਵਨ ਪਬਲਿਸ਼ਿੰਗ ਹਾਊਸ, 1996), 796. [17]ਘੱਟੋ ਘੱਟ ਪਿਲਾਤੁਸ ਨੂੰ ਚਾਹੀਦਾ ਸੀ ਕਿ ਯਿਸੂ ਨੂੰ ਸੁਰੱਖਿਅਤ ਹਿਰਾਸਤ ਵਿਚ ਲੈਂਦਾ। [18]ਲੂਕਾ ਅਤੇ ਯੂਹੰਨਾ ਦੀਆਂ ਕੁਝ ਗੱਲਾਂ ਇਕ ਦੂਜੇ ਨਾਲ ਮਿਲਦੀਆਂ ਜੁਲਦੀਆਂ ਹਨ, ਪਰ ਮੈਂ ਉਨ੍ਹਾਂ ਨੂੰ ਵੱਖ ਵੱਖ ਕਰ ਦਿੱਤਾ ਹੈ। [19]''ਸ਼ੱਕ'' ਸ਼ਬਦ ਖਤਰੇ ਵਾਲਾ ਹੈ। ਪੇਸ਼ੀ ਦੇ ਮਾਮਲੇ ਵਿਚ, ਇਸ ਸ਼ਬਦ ਦੀ ਵਰਤੋਂ ਮੁਲਜ਼ਮ ਦੇ ਖ਼ਤਰੇ ਲਈ ਹੋਇਆ ਹੈ। ਅਮਰੀਕਾ ਵਿਚ ਦੋਹਰੇ ਸ਼ੱਕ ਦੇ ਖਿਲਾਫ਼ ਸੰਵਿਧਾਨ ਦੀ ਪੰਜਵੀਂ ਸੋਧ ਵਿਚ ਸੁਰੱਖਿਆ ਮੁਹੱਈਆ ਕਰਵਾਈ ਗਈ ਹੈ। ਕਈ ਦੇਸ਼ਾਂ ਵਿਚ ਅਜਿਹਾ ਹੀ ਕਾਨੂੰਨੀ ਪ੍ਰਾਵਧਾਨ ਹੈ। [20]ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਯਹੂਦੀਆਂ ਨਾਲ ਪਿਲਾਤੁਸ ਦੇ ਕੱਚੇ ਪੱਕੇ ਸਬੰਧ ਦੀ ਸਮੀਖਿਆ ਕਰੋ।

[21]ਐਚ. ਆਈ. ਹੇਸਟਰ, *ਦ ਹਾਰਟ ਆਫ਼ ਦ ਨਿਊ ਟੈਸਟਾਮੈਂਟ* (ਲਿਬਰਟੀ, ਮਿਜ਼ੋਰੀ: ਕਵਾਲਿਟੀ ਪ੍ਰੈੱਸ, 1963), 211. ਇਹ ਤੱਥ ਕਿ ਅਜੇ ਸਵੇਰ ਦੇ 6:00 ਕੁ ਹੀ ਵੱਜੇ ਸਨ, ਜਦ ਪਿਲਾਤੁਸ ਨੇ ਯਿਸੂ ਨੂੰ ਸਲੀਬ ਤੇ ਚੜ੍ਹਾਏ ਜਾਣ ਲਈ ਦੇ ਦਿੱਤਾ (''ਇਕ ਸਵਾਲ ਜਿਸ ਦਾ ਜਵਾਬ ਦੇਣਾ ਸਭ ਲਈ ਜ਼ਰੂਰੀ ਹੈ'' ਪਾਠ ਵਿਚ ਯੂਹੰਨਾ 19:14 ਤੇ ਟਿੱਪਣੀ ਵੇਖੋ) ਸੰਕੇਤ ਦਿੰਦਾ ਹੈ ਕਿ ਪੂਰੀ ਕਾਰਵਾਈ ਵੀ ਹੜਬੜੀ ਅਤੇ ਜਲਦਬਾਜ਼ੀ ਵਿਚ ਹੋਈ। [22]ਇਹ ਤੱਥ ਕਿ ਉਸ ਦੇ ਵੈਰੀ ਉਸ ਦੇ ਖਿਲਾਫ਼ ''ਝੂਠੀ ਗਵਾਹੀ'' ਲੱਭਦੇ ਸਨ (ਮੱਤੀ 26:59) ਇਸ ਗੱਲ ਦਾ ਸਬੂਤ ਹੈ ਕਿ ਉਨ੍ਹਾਂ ਨੂੰ ਪਤਾ ਸੀ ਕਿ ਕੋਈ *ਸੱਚੀ* ਗਵਾਹੀ ਉਸ ਤੇ ਦੋਸ਼ ਲਾਉਣ ਲਈ ਨਹੀਂ ਮਿਲੇਗੀ। [23]ਯਿਸੂ ਸਾਡੇ ਪਾਪਾਂ ਲਈ ਮਰਿਆ (1 ਕੁਰਿੰਥੀਆਂ 15:3) ਇਸ ਕਰਕੇ ਉਹ ਅਸਲ ਵਿਚ ਸਾਡੇ ਰਾਹੀਂ ਕੀਤੇ ਗਏ ਸਾਰੇ ਪਾਪਾਂ ਦੇ ਕਾਰਣ ਸਲੀਬ ਤੇ ਰੱਖਿਆ ਗਿਆ ਸੀ। *ਮਸੀਹ ਦੀ ਜ਼ਿੰਦਗੀ, 7* ਕਿਤਾਬ ਵਿਚ ਇਸ ਤੇ ਚਰਚਾ ਕੀਤੀ ਜਾਵੇਗੀ। ਇਸ ਵਕਤ, ਇਸ ਸਰਮਨ ਵਿਚ ਉਸ ਦੇ ਵੈਰੀਆਂ ਦੇ ਪਾਪੀ ਹੋਣ ਤੇ ਗੱਲ ਹੋ ਰਹੀ ਹੈ। [24]ਤੁਸੀਂ ਚਾਹੋ ਤਾਂ ਇਸ ਵਿਚਾਰ ਨੂੰ ਯਿਸੂ ਦੇ ਖ਼ੁਦਾ ਹੋਣ ਦੇ ਦਾਅਵਿਆਂ ਦੇ ਸੋਚ ਨੂੰ ਵਧਾ ਸਕਦੇ ਹੋ। [25]ਐਲਬਰਟ ਸਿੰਪਸਨ, ''ਵ੍ਹਟ ਵਿਲ ਯੂ ਡੂ ਵਿਦ ਜੀਜ਼ਸ?'' *ਸੌਂਗਸ ਆਫ਼ ਫ਼ੇਥ ਐਂਡ ਪ੍ਰੇਜ਼,* ਸੰਕ. ਅਤੇ ਸੰਪਾ. ਐਲਟਨ ਐਚ. ਹੋਵਰਡ (ਵੈਸਟ ਮੋਨਰੋ, ਲੂਈਸਿਆਨਾ: ਹੋਵਰਡ ਪਬਲਿਸ਼ਿੰਗ ਕੰ., 1994)। [26]ਇਸ ਕਿਤਾਬ ਵਿਚ ਅੱਗੇ ''ਪੁੰਤਿਯੁਸ ਪਿਲਾਤੁਸ (ਅਤੇ ਯਿਸੂ ਦੀ ਮੌਤ)'' ਨਾਮਕ ਵਾਧੂ ਲੇਖ ਵਿਚ ਇਸ ਤੇ ਹੋਰ ਗੱਲ ਕੀਤੀ ਗਈ ਹੈ।